**ਯੁਅਰ ਵੌਇਸ ਮੈਟਰਜ਼: ਅਸੀਂ ਸੁਣ ਰਹੇ ਹਾਂ!**
**ਮਰੀਜ਼ਾਂ ਅਤੇ ਪਰਿਵਾਰਾਂ ਲਈ ਜਾਣਕਾਰੀ**

1. **ਯੁਅਰ ਵੌਇਸ ਮੈਟਰਜ਼ ਕੀ ਹੈ?**
ਯੁਅਰ ਵੌਇਸ ਮੈਟਰਜ਼ ਤੁਹਾਡੇ ਸਥਾਨਕ ਕੈਂਸਰ ਕੇਂਦਰ ਅਤੇ ਕੈਂਸਰ ਕੇਅਰ ਓਂਟਾਰੀਓ ਵੱਲੋਂ ਪ੍ਰਸ਼ਨਾਂ ਦਾ ਇੱਕ ਸੈਟ ਹੈ। ਇਹ ਤੁਹਾਨੂੰ ਤੁਹਾਡੇ ਕੈਂਸਰ ਕੇਂਦਰ ਜਾਂ ਹਸਪਤਾਲ ਵਿਖੇ ਤੁਹਾਡੀ ਹਰੇਕ ਮੁਲਾਕਾਤ ਬਾਰੇ ਤੁਹਾਡੇ ਵਿਚਾਰ ਸਾਂਝੇ ਕਰਨ ਦਾ ਮੌਕਾ ਦਿੰਦਾ ਹੈ

ਜਦੋਂ ਤੁਸੀਂ ਹਸਪਤਾਲ ਆਓਗੇ, ਤਾਂ ਜੋ ਲੋਗ ਤੁਹਾਨੂੰ ਮਿਲਣਗੇ (ਉਦਾਹਰਣ ਲਈ, ਰਿਸੈਪਸ਼ਨਿਸਟ, ਨਰਸਾਂ, ਡਾਕਟਰ) ਉਨ੍ਹਾਂ ਦਾ ਇਸ ਗੱਲ੍ਹ ਉੱਤੇ ਪ੍ਰਭਾਵ ਹੋ ਸਕਦਾ ਹੈ ਕਿ ਤੁਸੀਂ ਆਪਣੇ ਅਨੁਭਵ ਬਾਰੇ ਕਿਵੇਂ ਮਹਿਸੂਸ ਕਰਦੇ ਹੋ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਤੁਸੀਂ ਕਿੰਝ ਮਹਿਸੂਸ ਕਰਦੇ ਹੋ ਤਾਂ ਕਿ ਅਸੀਂ ਤੁਹਾਡੇ ਸਥਾਨਕ ਕੈਂਸਰ ਕੇਂਦਰ ਅਤੇ ਓਂਟਾਰੀਓ ਭਰ ਵਿੱਚ ਸਾਰੇ ਮਰੀਜ਼ਾਂ ਅਤੇ ਦੇਖਭਾਲ-ਕਰਤਾਵਾਂ ਲਈ ਹਲਾਤਾਂ ਨੂੰ ਬਿਹਤਰ ਬਣਾ ਸਕੀਏ।

ਯੁਅਰ ਵੌਇਸ ਮੈਟਰਜ਼ ਹੇਠਾਂ ਸਬੰਧੀ ਤੁਹਾਡੀ ਰਾਏ ਪੁੱਛੇਗਾ ਜਦੋਂ ਤੁਸੀਂ ਹੇਠ ਲਿਖੇ ਕੰਮ ਕਰੋਗੇ:




ਤੁਸੀਂ **ਇਹਨਾਂ ਵਿੱਚੋਂ ਹਰੇਕ ਚਰਨ** ਅਤੇ ਆਪਣੇ **ਸਮੁੱਚੇ ਅਨੁਭਵ** ਬਾਰੇ ਆਪਣੇ ਵਿਚਾਰ ਸਾਂਝੇ ਕਰ ਪਾਓਗੇ।

2. **ਯੁਅਰ ਵੌਇਸ ਮੈਟਰਜ਼ ਉਸ ਲੱਛਣ ਸਕ੍ਰੀਨਿੰਗ ਨਾਲੋਂ ਕਿਵੇਂ ਵੱਖ ਹੈ ਜਿਸ ਦੀ ਮੈਨੂੰ ਆਦਤ ਹੈ?**
ਯੁਅਰ ਵੌਇਸ ਮੈਟਰਜ਼ ਇੱਕ ਸਰਵੇਖਣ ਹੈ ਜੋ ਕਿ ਕੈਂਸਰ ਕੇਂਦਰ ਦੇ ਨਾਲ ਤੁਹਾਡੇ ਅਨੁਭਵ ਬਾਰੇ ਪੁੱਛਦਾ ਹੈ। ਲੱਛਣ ਸਕ੍ਰੀਨਿੰਗ ਪ੍ਰਸ਼ਨਾਵਲੀ ਇੱਕ ਸਰਵੇਖਣ ਹੈ ਜੋ ਤੁਹਾਡੇ ਲੱਛਣਾਂ ਬਾਰੇ ਤੁਹਾਡੀ ਸਿਹਤ ਦੇਖਭਾਲ ਟੀਮ ਨੂੰ ਦੱਸਣ ਵਿੱਚ ਸਹਾਇਤਾ ਕਰਦੀ ਹੈ। ਤੁਸੀਂ ਯੁਅਰ ਵੌਇਸ ਮੈਟਰਜ਼ ਸਰਵੇਖਣ ਨੂੰ ਉਸੇ ਬੂਥ ਵਿਖੇ ਪੂਰਾ ਕਰ ਸਕਦੇ ਹੋ ਜਿੱਥੇ ਤੁਸੀਂ ਆਪਣੀ ਲੱਛਣ ਸਕ੍ਰੀਨਿੰਗ ਪ੍ਰਸ਼ਨਾਵਲੀ ਪੂਰੀ ਕਰਦੇ ਹੋ। ਤੁਹਾਡੇ ਵੱਲੋਂ ਲੱਛਣ ਸਕ੍ਰੀਨਿੰਗ ਪ੍ਰਸ਼ਨਾਵਲੀ ਦਾ ਉੱਤਰ ਦੇਣ ਦਾ ਢੰਗ ਯੁਅਰ ਵੌਇਸ ਮੈਟਰਜ਼ ਸਰਵੇਖਣ ਵਿੱਚ ਪ੍ਰਸ਼ਨਾਂ 'ਤੇ ਅਸਰ ਨਹੀਂ ਪਾਏਗਾ। ਯੁਅਰ ਵੌਇਸ ਮੈਟਰਜ਼ ਸਰਵੇਖਣ ਵਿੱਚ ਤੁਹਾਡੇ ਵੱਲੋਂ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ **ਗੁੱਪਤ** ਹੈ ਅਤੇ ਇਸ ਨੂੰ ਤੁਹਾਡੀ ਸਿਹਤ ਦੇਖਭਾਲ ਟੀਮ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ।

3. **ਯੁਅਰ ਵੌਇਸ ਮੈਟਰਜ਼ ਕਿਸ ਨੂੰ ਪੂਰਾ ਕਰਨਾ ਚਾਹੀਦਾ ਹੈ?**
   - ਓਂਟਾਰੀਓ ਵਿੱਚ ਕੈਂਸਰ ਦਾ ਇਲਾਜ ਪ੍ਰਾਪਤ ਕਰਨ ਵਾਲੇ ਬਾਲਗ ਮਰੀਜ਼ਾਂ ਨੂੰ
   - ਕੈਂਸਰ ਪ੍ਰਣਾਲੀ ਵਿੱਚ ਕਿਸੇ ਨਜ਼ਦੀਕੀ ਦਾ ਸਮਰਥਨ ਕਰਨ ਵਾਲੇ ਪਰਿਵਾਰ ਦੇ ਸਦੱਸਾਂ, ਦੋਸਤਾਂ ਅਤੇ ਦੇਖਭਾਲ ਕਰਤਾਵਾਂ ਨੂੰ

4. **ਮੈਂ ਕਿੰਝ ਸ਼ੁਰੂਆਤ ਕਰਾਂ?**
   ਤੁਸੀਂ ਕਈ ਤਰੀਕਿਆਂ ਨਾਲ ਯੁਅਰ ਵੌਇਸ ਮੈਟਰਜ਼ ਕਰ ਸਕਦੇ ਹੋ।
   - ਤੁਹਾਡੇ ਕੈਂਸਰ ਕੇਂਦਰ ਵਿੱਚ ਇੱਕ ਟੈਲੀਫੋਨ ਬੂਥ ਵਿਖੇ
   - ਆਪਣੀ ਅਪੌਇੰਟਮੈਂਟ ਦਾ ਇੰਤਜ਼ਾਰ ਕਰਨ ਵੇਲੇ ਟੈਬਲੇਟ 'ਤੇ (ਉਦਾਹਰਣ ਲਈ, ਟੈਬਲੇਟ)
   - ਪੁੱਛੋ ਕਿ ਯੁਅਰ ਵੌਇਸ ਮੈਟਰਜ਼ ਤੁਹਾਡੇ ਕੇਂਦਰ 'ਤੇ ਕਿਵੇਂ ਉਪਲਬਧ ਹੈ

5. **ਇਸ ਨੂੰ ਕਿੰਨਾ ਸਮਾਂ ਲੱਗਦਾ ਹੈ?**
   ਯੁਅਰ ਵੌਇਸ ਮੈਟਰਜ਼ ਨੂੰ ਔਸਤਨ 3 ਮਿੰਟ ਲੱਗਣਗੇ।

6. **ਕੀ ਮੇਰੀ ਸਿਹਤ ਦੇਖਭਾਲ ਟੀਮ ਨੂੰ ਪਤਾ ਹੋਵੇਗਾ ਕਿ ਮੈਂ ਕੀ ਕਿਹਾ ਹੈ?**
   ਯੁਅਰ ਵੌਇਸ ਮੈਟਰਜ਼ ਵਿੱਚ ਤੁਹਾਡੇ ਉੱਤਰਾਂ ਨੂੰ ਨਿੱਜੀ ਅਤੇ ਗੁੱਪਤ ਰੱਖਿਆ ਜਾਵੇਗਾ। ਤੁਹਾਡੀ ਸਿਹਤ ਦੇਖਭਾਲ ਟੀਮ ਨੂੰ ਤਹਾਡੇ ਉੱਤਰ ਨਹੀਂ ਪਤਾ ਹੋਣਗੇ ਅਤੇ ਤੁਹਾਡੇ ਉੱਤਰਾਂ ਦਾ ਤੁਹਾਡੀ ਦੇਖਭਾਲ ਉੱਤੇ ਕੋਈ ਅਸਰ ਨਹੀਂ ਪਏਗਾ।

7. **ਮਰੀਜ਼ਾਂ ਲਈ ਹਲਾਤਾਂ ਵਿੱਚ ਸੁਧਾਰ ਕਰਨ ਵਾਸਤੇ ਮੇਰੇ ਉੱਤਰਾਂ ਦੀ ਵਰਤੋਂ ਕਿਵੇਂ ਕੀਤੀ ਜਾਵੇਗੀ?**
   ਕੈਂਸਰ ਕੇਂਦਰ ਵਿੱਚ ਤੁਹਾਡੀ ਸਭ ਤੋਂ ਹਾਲ ਦੀ ਮੁਲਾਕਾਤ ਬਾਰੇ ਤੁਹਾਡੇ ਉੱਤਰ ਇਹ ਸਮਝਣ ਵਿੱਚ ਤਹਾਡੀ ਸਿਹਤ ਦੇਖਭਾਲ ਟੀਮ ਅਤੇ ਕੈਂਸਰ ਕੇਅਰ ਓਂਟਾਰੀਓ ਦੀ ਸਹਾਇਤਾ ਕਰਣਗੇ ਕਿ ਤੁਹਾਡੇ ਲਈ ਸਭ ਤੋਂ ਮਹੱਤਪੂਰਨ ਕੀ ਹੈ। ਇਸ ਨਾਲ ਸਾਨੂੰ ਤੁਹਾਡੇ ਅਤੇ ਹੋਰਾਂ ਮਰੀਜ਼ਾਂ ਲਈ ਦੇਖਭਾਲ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਮਿਲਦੀ ਹੈ।

8. **ਕੀ ਮੈਨੂੰ ਯੁਅਰ ਵੌਇਸ ਮੈਟਰਜ਼ ਵਿੱਚ ਦਿੱਤੇ ਗਏ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਲੋੜ ਹੈ?**
   ਤੁਹਾਨੂੰ ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਲੋੜ ਨਹੀਂ ਹੈ। ਜੇਕਰ ਕੋਈ ਪ੍ਰਸ਼ਨ ਤੁਹਾਡੇ ਨਾਲ ਸਬੰਧਤ ਨਹੀਂ ਹੈ, ਤਾਂ "ਲਾਗੂ ਨਹੀਂ" ਨੂੰ ਚੁਣੋ। ਜੇਕਰ ਤੁਸੀਂ ਪ੍ਰਸ਼ਨ ਬਾਰੇ ਯਕੀਨੀ ਨਹੀਂ ਹੋ ਤਾਂ "ਪਤਾ ਨਹੀਂ" ਨੂੰ ਚੁਣੋ। ਇਹ ਓਂਟਾਰੀਓ ਭਰ ਵਿੱਚ ਕੈਂਸਰ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਹਲਾਤਾਂ ਨੂੰ ਬਿਹਤਰ ਬਣਾਉਣ ਵਾਸਤੇ ਆਪਣੇ ਵਿਚਾਰ ਸਾਂਝੇ ਕਰਨ ਦਾ ਤੁਹਾਡਾ ਮੌਕਾ ਹੈ।

9. **ਯੁਅਰ ਵੌਇਸ ਮੈਟਰਜ਼ ਵਿੱਚ ਮੇਰੇ ਦਿੱਤੇ ਗਏ ਉੱਤਰਾਂ ਦੀ ਵਰਤੋਂ ਕੌਣ ਕਰ ਰਿਹਾ ਹੋਵੇਗਾ?**
   ਤੁਹਾਡਾ ਕੈਂਸਰ ਕੇਂਦਰ ਅਤੇ ਕੈਂਸਰ ਕੇਅਰ ਓਂਟਾਰੀਓ। ਕੈਂਸਰ ਕੇਅਰ ਓਂਟਾਰੀਓ ਇੱਕ ਸੂਬਾਈ ਸੰਸਥਾ ਹੈ ਜੋ ਗੁਣਵੱਤਾ, ਜਵਾਬਦੇਹੀ, ਨਵਾਚਾਰ ਅਤੇ ਮੁੱਲ ਨੂੰ ਵਧਾਉਣ ਲਈ ਕੈਂਸਰ ਕੇਂਦਰਾਂ ਨਾਲ ਕੰਮ ਕਰਦੇ ਹੋਏ ਕੈਂਸਰ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੀ ਹੈ।

**ਜੇਕਰ ਮੇਰੇ ਯੁਅਰ ਵੌਇਸ ਮੈਟਰਜ਼ ਬਾਰੇ ਹੋਰ ਪ੍ਰਸ਼ਨ ਹਨ ਤਾਂ ਮੈ ਕਿਸ ਨੂੰ ਪੁੱਛਾਂ?**
ਜੇਕਰ ਤੁਹਾਡੇ ਕੋਈ ਪ੍ਰਸ਼ਨ ਜਾਂ ਟਿੱਪਣੀਆਂ ਹਨ ਤਾਂ ਕਿਰਪਾ ਕਰਕੇ ਆਪਣੇ ਸਥਾਨਕ ਵਿਅਕਤੀ-ਕੇਂਦਰਿਤ ਕੇਅਰ ਪ੍ਰਮੁੱਖ ਨੂੰ 'ਤੇ ਸੰਪਰਕ ਕਰੋ। (insert centre contact info)

**ਦੇਖਭਾਲ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਆਪਣੀ ਆਵਾਜ਼ ਨੂੰ ਸਾਂਝਾ ਕਰਨ ਲਈ ਤੁਹਾਡਾ ਧੰਨਵਾਦ!**